# ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

ਸੇਵਾ ਵਿਖੇ

ਜਰਨਲ ਮੈਨੇਜਰ,
ਜ਼ਿਲ੍ਹਾ ਉਦਯੋਗ ਕੇਂਦਰ,
ਅੰਮ੍ਰਿਤਸਰ।

ਨੰਬਰ: COVID/19/765 ਮਿਤੀ: 26-4-2020

ਵਿਸ਼ਾ :- **Online provision of permission to run the industry during curfew.**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਉਦਯੋਗ ਅਤੇ ਕਮਾਰਸ ਵਿਭਾਗ, ਪੰਜਾਬ ਸਰਕਾਰ ਦੇ ਮੀਮੋ ਨੰਬਰ ਪੀ.ਆਈ.ਯੂ./ਐਸ-4/895 ਮਿਤੀ 23.04.2020 ਦੀ ਗਾਈਡਲਾਈਨ ਅਨੁਸਾਰ ਆਪ ਵੱਲੋਂ Industrial Units ਨੂੰ ਚਲਾਉਣ ਦੀ ਆਗਿਆ ਲਈ ਆਨਲਾਈਨ ਮੰਨਜ਼ੂਰੀ www.pbindustries.gov.in ਤੋਂ ਦਿੱਤੀ ਜਾਵੇਗੀ। ਉਕਤ ਦੇ ਸਬੰਧ ਵਿੱਚ Industrial Units ਲਈ ਜਾਰੀ ਕੀਤੇ ਜਾਣ ਵਾਲੇ ਪਾਸ/ਪਰਮਿਟ ਦੇ ਅਧਿਕਾਰ ਆਪ ਨੂੰ ਪ੍ਰਦਾਨ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ construction activities ਦੇ ਪਾਸ/ਪਰਮਿਟ ਲਈ ਵੀ ਇਸ ਪੋਰਟਲ ਤੇ ਅਪਲਾਈ ਕੀਤਾ ਜਾ ਸਕਦਾ ਹੈ ਜਿਸ ਦੀ ਪ੍ਰਵਾਨਗੀ ਦੇ ਅਧਿਕਾਰ ਵੀ ਆਪ ਨੂੰ ਪ੍ਰਦਾਨ ਕੀਤੇ ਜਾਂਦੇ ਹਨ।

ਇਹ ਪਾਸ/ਪਰਮਿਟ ਪ੍ਰਵਾਨ ਕਰਦੇ ਹੋਏ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਈ ਗਈ ਪਾਬੰਦੀਆਂ ਅਤੇ ਹੁਕਮਾਂ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਵੇ ਅਤੇ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਪਾਸ/ਪਰਮਿਟ ਪੰਜਾਬ ਸਰਕਾਰ/ਜ਼ਿਲ੍ਹਾ ਪ੍ਰਸ਼ਾਸਨ ਦੀ ਹਦਾਇਤਾਂ ਦਾ ਉਲੰਘਣ ਨਾ ਕਰੇ। ਇਸ ਤੋਂ ਇਲਾਵਾ ਹਰ ਤੀਜੇ ਦਿਨ ਜਾਰੀ ਕੀਤੇ ਗਏ ਪਾਸ ਦੀ ਸੂਚਨਾਂ ਕੰਟਰੋਲ ਰੂਮ ਵਿੱਚ ਭੇਜੀ ਜਾਵੇ ਅਤੇ ਨਾਲ ਹੀ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਸਮੇਂ-ਸਮੇਂ ਤੇ ਇਹਨਾਂ ਸਾਈਟਾਂ ਦੀ ਜਾਂਚ ਕਰਕੇ ਰਿਪੋਰਟ ਵੀ ਭੇਜੀ ਜਾਵੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

ਪਿੱਠ ਅੰਕਣ ਨੰਬਰ. COVID/766-773 ਮਿਤੀ: 26-4-2020

ਇਸ ਦਾ ਉਤਾਰਾ:-

1) ਕਮਿਸ਼ਨਰ ਪੁਲਿਸ, ਅੰਮ੍ਰਿਤਸਰ।
2) ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ।
3) ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਅੰਮ੍ਰਿਤਸਰ।
4) ਜਿਲ੍ਹਾ ਮੰਡੀ ਅਫ਼ਸਰ, ਅੰਮ੍ਰਿਤਸਰ।
5) ਮੁੱਖ ਖੇਤੀਬਾੜੀ ਅਫ਼ਸਰ, ਅੰਮ੍ਰਿਤਸਰ।
6) ਸਹਾਇਕ ਕਿਰਤ ਅਫਸਰ, ਅੰਮ੍ਰਿਤਸਰ।
7) ਡਿਪਟੀ ਡਾਇਰੈਕਟਰ ਫੈਕਟਰੀ, ਅੰਮ੍ਰਿਤਸਰ
8) ਪੀ.ਏ ਟੂ ਡਿਪਟੀ ਕਮਿਸ਼ਨਰ, ਅੰਮ੍ਰਿਤਸਰ

ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।